# ਭੂਮਿਕਾ

"ਪੰਜਾਬੀ ਕਹਾਣੀ ਵਿਚ ਕਿਸਾਨੀ ਜੀਵਨ : ਸਮਾਜ-ਸਭਿਆਚਾਰਕ ਅਧਿਐਨ" ਵਿਸ਼ੇ ਬਾਰੇ ਲਿਖੇ ਇਸ ਖੋਜ-ਪ੍ਰਬੰਧ ਦਾ ਉਦੇਸ਼ ਪੰਜਾਬੀ ਕਹਾਣੀ ਦੇ ਵਿਕਾਸ ਦੇ ਪ੍ਰਸੰਗ ਵਿਚ ਕਿਸਾਨੀ ਸਮਾਜ ਦੀ ਪੇਸ਼ਕਾਰੀ ਨਾਲ ਸੰਬੰਧਿਤ ਕਹਾਣੀ ਦਾ ਅਧਿਐਨ ਕਰਨਾ ਹੈ। ਇਹ ਅਧਿਐਨ ਦੋ ਵਿਭਿੰਨ ਮਸਲਿਆਂ 'ਤੇ ਕੇਂਦ੍ਰਿਤ ਹੈ। ਇਸ ਦਾ ਇਕ ਪਾਸਾਰ ਪੰਜਾਬੀ ਕਹਾਣੀ ਵਿਚ ਕਿਸਾਨੀ ਸਮਾਜ ਦੀ ਪੇਸ਼ਕਾਰੀ ਨਾਲ ਸੰਬੰਧਿਤ ਹੈ ਅਤੇ ਦੂਸਰਾ ਆਰਥਕ-ਸਮਾਜਕ ਪ੍ਰਭਾਵਾਂ ਅਧੀਨ ਨਿਰੰਤਰ ਬਦਲ ਰਹੇ ਤੇ ਗੁੰਝਲਦਾਰ ਹੋ ਰਹੇ ਸਮਾਜਕ ਜੀਵਨ ਪ੍ਰਤਿ ਪੰਜਾਬੀ ਕਹਾਣੀ ਦੇ ਹੁੰਗਾਰੇ ਨੂੰ ਵਿਸ਼ਾਗਤ ਤੇ ਵਿਧਾਗਤ ਤਬਦੀਲੀਆਂ ਦੇ ਪ੍ਰਸੰਗ ਵਿਚ ਜਾਨਣ ਨਾਲ ਜੁੜਿਆ ਹੋਇਆ ਹੈ। ਇਸ ਮਕਸਦ ਦੀ ਪੂਰਤੀ ਲਈ ਅਸੀਂ ਪੰਜਾਬੀ ਦੇ ਤਿੰਨ ਕਹਾਣੀਕਾਰ ; ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ ਅਤੇ ਵਰਿਆਮ ਸਿੰਘ ਸੰਧੂ ਨੂੰ ਆਪਣੇ ਅਧਿਐਨ ਲਈ ਚੁਣਿਆ ਹੈ। ਕਿਸਾਨੀ ਸਮਾਜ ਦੀ ਪੇਸ਼ਕਾਰੀ ਦੇ ਨਜ਼ਰੀਏ ਤੋਂ ਇਨ੍ਹਾਂ ਕਹਾਣੀਕਾਰਾਂ ਦਾ ਵਿਸ਼ੇਸ਼ ਮਹੱਤਵ ਹੈ। ਕਿਸਾਨੀ ਨਾਲ ਸੰਬੰਧਿਤ ਹੋਣ ਕਰਕੇ ਇਨ੍ਹਾਂ ਲੇਖਕਾਂ ਕੋਲ ਇਸ ਸਮਾਜ ਦਾ ਹੱਡੀਂ ਹੰਢਾਇਆ ਅਨੁਭਵ ਹੈ। ਅਜਿਹੇ ਅਨੁਭਵ ਦੀ ਪ੍ਰਮਾਣਿਕਤਾ ਬਾਰੇ ਕਿਸੇ ਤਰ੍ਹਾਂ ਦੇ ਸ਼ੱਕ ਦੀ ਗੁੰਜ਼ਾਇਸ਼ ਨਹੀਂ ਹੋ ਸਕਦੀ। ਪਰ ਕਈ ਵਾਰ ਅਜਿਹੇ ਅਨੁਭਵਾਂ ਦੀ ਪੇਸ਼ਕਾਰੀ ਕਰਦੇ ਸਮੇਂ ਲੋੜੀਂਦੀ ਕਲਾਤਮਿਕ ਵਿੱਥ ਨਾ ਸਿਰਜ ਸਕਣ ਕਰਕੇ ਰਚਨਾਵਾਂ ਦੇ ਕਲਾਤਮਿਕ ਪੱਖ ਦੇ ਕਮਜ਼ੋਰ ਰਹਿ ਜਾਣ ਦੀ ਸੰਭਾਵਨਾ ਵੀ ਹੁੰਦੀ ਹੈ। ਇਸ ਨਾਲ ਰਚਨਾਵਾਂ ਨਿਰੋਲ ਨਿੱਜੀ ਅਨੁਭਵਾਂ ਦੀ ਪੇਸ਼ਕਾਰੀ ਤੱਕ ਸੀਮਤ ਹੋ ਕੇ ਰਹਿ ਜਾਂਦੀਆਂ ਹਨ ਤੇ ਸਮਾਜਕ ਸਰੋਕਾਰ ਨਜ਼ਰ-ਅੰਦਾਜ਼ ਹੋ ਜਾਂਦੇ ਹਨ। ਪਰ ਉਪਰੋਕਤ ਤਿੰਨੇ ਹੀ ਲੇਖਕ ਇਸ ਪ੍ਰਤਿ ਪੂਰੀ ਤਰ੍ਹਾਂ ਸੁਚੇਤ ਹਨ। ਇਸ ਕਰਕੇ ਇਨ੍ਹਾਂ ਦੁਆਰਾ ਰਚਿਤ ਕਹਾਣੀਆਂ ਵਿਅਕਤੀਗਤ ਰੁਦਨ ਜਾਂ ਸ੍ਵੈ

ਬਿੰਬ ਦੀ ਉਸਾਰੀ ਦੀ ਥਾਂ ਸਮੁੱਚੇ ਕਿਸਾਨੀ ਸਮਾਜ ਦੀ ਪੇਸ਼ਕਾਰੀ ਪੂਰੀ ਪ੍ਰਮਾਣਿਕਤਾ ਤੇ ਕਲਾਤਮਿਕਤਾ ਨਾਲ ਕਰ ਸਕਣ ਵਿਚ ਸਫ਼ਲ ਹੁੰਦੀਆਂ ਹਨ।

ਦੂਸਰੇ, ਇਹ ਲੇਖਕ ਪੰਜਾਬੀ ਕਹਾਣੀ ਦੇ ਵਿਕਾਸ ਦੀ ਦ੍ਰਿਸ਼ਟੀ ਤੋਂ ਤਿੰਨ ਵੱਖ-ਵੱਖ ਪੜਾਵਾਂ ਦੇ ਪ੍ਰਤਿਨਿੱਧ ਕਹਾਣੀਕਾਰ ਕਹੇ ਜਾ ਸਕਦੇ ਹਨ, ਜਿਨ੍ਹਾਂ ਦੇ ਰਚਨਾ-ਕਾਲ ਦੌਰਾਨ ਕਿਸਾਨੀ ਸਮਾਜ ਵੱਖ-ਵੱਖ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਦੋ-ਚਾਰ ਹੋ ਰਿਹਾ ਸੀ। ਇਸ ਲਿਹਾਜ਼ ਨਾਲ ਕਿਸਾਨੀ ਸਮਾਜ ਵਿਚਲੀਆਂ ਤਬਦੀਲੀਆਂ ਨੂੰ ਨਿਰੰਤਰਤਾ ਦੇ ਨਜ਼ਰੀਏ ਤੋਂ ਵੀ ਇਨ੍ਹਾਂ ਦੀਆਂ ਕਹਾਣੀਆਂ ਦੇ ਮਾਧਿਅਮ ਰਾਹੀਂ ਸਮਝਿਆ ਜਾ ਸਕਦਾ ਹੈ ਤੇ ਇਸ ਨਿਰੰਤਰਤਾ ਵਿਚੋਂ ਵੀਹਵੀਂ ਸਦੀ ਦੇ ਕਿਸਾਨੀ ਸਮਾਜ ਦੀ ਇਕ ਮੁੰਕਮਲ ਤਸਵੀਰ ਵੇਖੀ ਜਾ ਸਕਦੀ ਹੈ।

ਬੇਸ਼ੱਕ ਸੰਤ ਸਿੰਘ ਸੇਖੋਂ ਨੇ ਚੌਥੇ ਦਹਾਕੇ ਵਿਚ ਕਹਾਣੀ ਲਿਖਣੀ ਸ਼ੁਰੂ ਕੀਤੀ, ਪਰ ਉਸਦੀਆਂ ਕਹਾਣੀਆਂ ਵਿਚ ਪੇਸ਼ ਸਰੋਕਾਰ ਤੇ ਸਮੱਸਿਆਵਾਂ 19ਵੀਂ ਸਦੀ ਦੇ ਆਖ਼ਰੀ ਜਾਂ ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਨਾਲ ਸੰਬੰਧਿਤ ਹਨ, ਜਦੋਂ ਅੰਗਰੇਜ਼ ਸਾਮਰਾਜ ਦੀ ਆਮਦ ਨਾਲ ਕਿਸਾਨੀ ਦੇ ਪਰੰਪਰਾਗਤ ਸਮਾਜ ਵਿਚ ਤਬਦੀਲੀਆਂ ਵਾਪਰਣੀਆਂ ਸ਼ੁਰੂ ਹੋਈਆਂ। ਸਾਮਰਾਜ ਦੇ ਅਧੀਨ ਹੋ ਜਾਣ ਤੋਂ ਬਾਅਦ ਪੰਜਾਬ ਉੱਪਰ ਸਾਮਰਾਜ ਦੇ ਪ੍ਰਭਾਵ ਪੈਣੇ ਸ਼ੁਰੂ ਹੋਏ। ਅੰਗਰੇਜ਼ ਸਾਮਰਾਜ ਨੇ ਇੱਥੋਂ ਦੇ ਸਾਧਨਾਂ ਦੀ ਵੱਧ ਤੋਂ ਵੱਧ ਲੁੱਟ ਲਈ ਖੇਤੀ ਖੇਤਰ ਦਾ ਵਿਕਾਸ ਕੀਤਾ; ਬਾਰਾਂ ਆਬਾਦ ਕੀਤੀਆਂ, ਸਿੰਜਾਈ ਲਈ ਨਹਿਰਾਂ ਕੱਢੀਆਂ, ਰੇਲਵੇ ਲਾਈਨਾਂ ਤੇ ਸੜਕਾਂ ਬਣਾਈਆਂ, ਨਵਾਂ ਵਿਦਿਅਕ ਪ੍ਰਬੰਧ ਸ਼ੁਰੂ ਕੀਤਾ ਤੇ ਮਾਲੀਏ ਦੀ ਅਦਾਇਗੀ ਜਿਨਸ ਦੀ ਥਾਂ ਨਕਦੀ ਦੇ ਰੂਪ ਵਿਚ ਸ਼ੁਰੂ ਕੀਤੀ। ਇਸ ਨਾਲ ਸਦੀਆਂ ਤੋਂ ਇਕਸਾਰ ਤੋਰ ਤੁਰਦੇ ਆ ਰਹੇ ਆਰਥਕ-ਸਮਾਜਕ ਢਾਂਚੇ ਵਿਚ ਤਬਦੀਲੀਆਂ ਵਾਪਰਣ ਲੱਗੀਆਂ। ਇਨ੍ਹਾਂ ਤਬਦੀਲੀਆਂ ਕਾਰਣ ਹੀ ਪਿਤਾ-ਪੁਰਖੀ ਧੰਦਿਆਂ ਤੋਂ ਲਾਂਭੇ ਜਾ ਕੇ ਰੁਜ਼ਗਾਰ ਦੇ ਨਵੇਂ ਮੌਕਿਆਂ ਤੇ ਧੰਦਿਆਂ ਨਾਲ ਜੁੜਨ ਦੀਆਂ ਸੰਭਾਵਨਾਵਾਂ ਪੈਦਾ

ਹੋਣੀਆਂ ਸ਼ੁਰੂ ਹੋਈਆਂ, ਪਰ ਇਨ੍ਹਾਂ ਮੌਕਿਆਂ ਦਾ ਫ਼ਾਇਦਾ ਉਠਾਉਣ ਲਈ ਵਿਦਿਆ ਪ੍ਰਾਪਤੀ ਲਾਜ਼ਮੀ ਸੀ। ਨਿਰੰਤਰ ਕਰਜ਼ੇ ਦੇ ਬੋਝ ਤੇ ਆਰਥਕ ਸੰਕਟ ਵਿਚ ਫਸੀ ਹੋਈ ਕਿਸਾਨੀ ਲਈ ਇਹ ਅਸੰਭਵ ਨਹੀਂ, ਪਰ ਮੁਸ਼ਕਿਲ ਜ਼ਰੂਰ ਸੀ। ਸੰਤ ਸਿੰਘ ਸੇਖੋਂ ਆਪਣੀਆਂ ਕਹਾਣੀਆਂ ਵਿਚ ਕਿਸਾਨੀ ਦੇ ਇਨ੍ਹਾਂ ਸਾਰੇ ਵਰਤਾਰਿਆਂ ਦੀ ਪੇਸ਼ਕਾਰੀ ਕਰਦਾ ਹੈ, ਕਿਉਂਕਿ ਲੇਖਕ ਖ਼ੁਦ ਵੀ ਇਨ੍ਹਾਂ ਮੌਕਿਆਂ ਦਾ ਫ਼ਾਇਦਾ ਉਠਾਉਣ ਵਾਲਿਆਂ ਵਿਚ ਸ਼ਾਮਲ ਸੀ। ਪਿਤਾ-ਪੁਰਖੀ ਧੰਦਿਆਂ ਤੋਂ ਬਾਹਰ ਜਾ ਕੇ ਵਿਅਕਤੀਗਤ ਤਰੱਕੀ ਦੇ ਇਨ੍ਹਾਂ ਮੌਕਿਆਂ ਨੇ ਕਿਸਾਨੀ ਦੇ ਪਰੰਪਰਾਗਤ ਜੀਵਨ ਨੂੰ ਤਬਦੀਲ ਕਰਨ ਵਿਚ ਅਹਿਮ ਭੂਮਿਕਾ ਨਿਭਾਈ।

ਨਵੀਂ ਜੀਵਨ-ਜਾਚ ਦੇ ਪ੍ਰਭਾਵ ਅਧੀਨ ਪੁਰਾਣੇ ਵਰਤਾਰੇ ਤੇ ਜੀਵਨ-ਮੁੱਲ ਗ਼ੈਰ-ਪ੍ਰਾਸੰਗਿਕ ਹੋਣ ਲੱਗੇ ਪਰ ਪੁਰਾਣੇ ਨਾਲੋਂ ਟੁੱਟਣ ਤੇ ਨਵੇਂ ਵਰਤਾਰਿਆਂ ਨੂੰ ਸਵੀਕਾਰ ਕਰਨ ਦਾ ਅਮਲ ਇਤਨਾ ਸਿੱਧਾ ਤੇ ਇਕਪਾਸੜ ਨਹੀਂ ਸੀ। ਪਰੰਪਰਾਗਤ ਮਾਨਸਿਕਤਾ ਵਿਚ ਢਲੀ ਹੋਈ ਕਿਸਾਨੀ ਲਈ ਪੁਰਾਣੇ ਨਾਲੋਂ ਟੁੱਟਣ ਦੀ ਪੀੜ ਬਹੁਤ ਚੁਭਵੀਂ ਸੀ, ਪਰ ਨਵੇਂ ਵਰਤਾਰਿਆਂ ਦੇ ਅਮਲ ਨੂੰ ਰੋਕ ਜਾਂ ਇਸ ਤੋ ਬਚ ਸਕਣਾ ਵੀ ਮੁਮਕਿਨ ਨਹੀਂ ਸੀ। ਕਿਸਾਨੀ ਦੀ ਇਸ ਮਾਨਸਿਕਤਾ ਤੇ ਪੀੜ ਨੂੰ ਕੁਲਵੰਤ ਸਿੰਘ ਵਿਰਕ ਨੇ ਆਪਣੀਆਂ ਕਹਾਣੀਆਂ ਵਿਚ ਕੇਂਦਰੀ ਵਿਸ਼ੇ ਦੇ ਰੂਪ ਵਿਚ ਪੇਸ਼ ਕੀਤਾ ਹੈ।

ਨਿਰੰਤਰ ਵਧਦੀਆਂ ਆਰਥਕ ਖਿੱਚਾਂ ਤੇ ਖੇਤੀ ਦੇ ਪਰੰਪਰਾਗਤ ਧੰਦਾ ਨਾ ਰਹਿ ਜਾਣ ਕਰਕੇ ਕਿਸਾਨੀ ਦੇ ਪਰੰਪਰਾਗਤ ਤੇ ਭਾਈਚਾਰਕ ਮਸਲੇ ਹਾਸ਼ੀਏ ’ਤੇ ਚਲੇ ਗਏ। ਨਵੀਂ ਕਹਾਣੀ ਵਿਚ ਪਰਿਵਾਰ ਤੇ ਵਿਅਕਤੀ ਕੇਂਦਰੀ ਸਥਾਨ ਗ੍ਰਹਿਣ ਕਰ ਗਏ। ‘ਹਰੇ ਇਨਕਲਾਬ’ ਦੀ ਆਮਦ ਨਾਲ ਖੇਤੀ ਦੇ ਧੰਦੇ ਦੀ ਸਮੁੱਚੀ ਤਾਸੀਰ ਹੀ ਬਦਲ ਗਈ। ਇਸ ਨੇ ਪਦਾਰਥਕ ਦੌੜ ਨੂੰ ਬੇਹੱਦ ਤਿੱਖਿਆਂ ਕਰ ਦਿੱਤਾ। ਇਸ ਅਮਲ ਅਧੀਨ ਸਾਂਝੇ ਪਰਿਵਾਰ ਟੁੱਟ ਕੇ ਇਕਹਿਰੇ ਪਰਿਵਾਰਾਂ ਵਿਚ ਤਬਦੀਲ

ਹੋ ਗਏ। ਕਿਸਾਨੀ ਭਾਈਚਾਰਕ ਸੰਬੰਧਾਂ ਵਿਚ ਬੱਝੀ ਸਮਾਜਕ ਇਕਾਈ ਨਾ ਰਹਿ ਕੇ ਧਨੀ, ਦਰਮਿਆਨੀ ਤੇ ਛੋਟੀ ਕਿਸਾਨੀ ਵਿਚ ਵੰਡੀ ਗਈ। 'ਹਰੇ ਇਨਕਲਾਬ' ਲਈ ਲੋੜੀਂਦੇ ਸਾਧਨ ਨਾ ਜੁਟਾ ਸਕਣ ਕਰਕੇ ਛੋਟੀ ਕਿਸਾਨੀ ਗ਼ਰੀਬੀ ਤੋਂ ਕੰਗਾਲੀਕਰਣ ਵੱਲ ਧੱਕੀ ਜਾਣ ਲੱਗੀ ਤੇ ਖੇਤੀ ਤੋਂ ਬਾਹਰ ਹੋਣ ਲੱਗੀ। ਇਹ ਤਬਦੀਲੀ ਸਿਰਫ਼ ਕਿੱਤੇ ਦੀ ਤਬਦੀਲੀ ਨਹੀਂ ਸੀ, ਸਗੋਂ ਮਾਲਕ ਕਿਸਾਨੀ ਤੋਂ ਮਜ਼ਦੂਰ ਵਿਚ ਤਬਦੀਲ ਹੋਣ ਨਾਲ ਜੁੜੀ ਪੀੜ ਤੇ ਆਰਥਕ ਖਿੱਚਾਂ ਅਧੀਨ ਪਰਿਵਾਰਾਂ ਤੇ ਵਿਅਕਤੀਆਂ ਦੇ ਟੁੱਟਣ ਦਾ ਅਮਲ ਤੇ ਦਰਦ ਕਿਸਾਨੀ ਸਮਾਜ ਦੀ ਹੋਣੀ ਬਣ ਗਿਆ। ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਕਿਸਾਨੀ ਦੀ ਟੁੱਟ ਭੱਜ ਦਾ ਇਹ ਵਿਸ਼ਾ ਕੇਂਦਰੀ ਧੁਨੀ ਦੇ ਰੂਪ ਵਿਚ ਸਮਾਇਆ ਹੋਇਆ ਹੈ। ਨਿਰੰਤਰ ਵਧਦੀਆਂ ਆਰਥਕ ਮੁਸ਼ਕਲਾਂ ਤੇ ਪੂਰਤੀ ਲਈ ਘਟਦੇ ਆਰਥਕ ਸਾਧਨਾਂ ਕਾਰਣ ਮਾਨਵੀ ਤੇ ਸਮਾਜਕ ਰਿਸ਼ਤੇ ਕਿਸ ਤਰ੍ਹਾਂ ਆਪਣੀ ਆਭਾ ਤੇ ਮਹੱਤਵ ਗਵਾ ਬੈਠਦੇ ਹਨ, ਸਮਾਜਕ-ਆਰਥਕ ਤਬਦੀਲੀਆਂ ਦਾ ਇਹ ਵਰਤਾਰਾ ਵੀ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਪੂਰੀ ਸਮਰਥਾ ਨਾਲ ਪੇਸ਼ ਹੋਇਆ ਹੈ।

ਅਧਿਐਨ ਲਈ ਚੁਣੇ ਇਹ ਤਿੰਨੇ ਕਹਾਣੀਕਾਰ ਕਿਸਾਨੀ ਸਮਾਜ ਵਿਚ ਵਾਪਰ ਰਹੀਆਂ ਤਬਦੀਲੀਆਂ ਨੂੰ ਸਮੁੱਚਤਾ ਵਿਚ ਆਪਣੀਆਂ ਕਹਾਣੀਆਂ ਵਿਚ ਪੂਰੀ ਕਲਾਤਮਕ ਸਮਰਥਾ ਨਾਲ ਪ੍ਰਗਟਾਉਂਦੇ ਹਨ। ਜਿਵੇਂ-ਜਿਵੇਂ ਕਿਸਾਨੀ ਦਾ ਆਰਥਕ-ਸਮਾਜਕ ਜੀਵਨ ਵਧੇਰੇ ਚੁਣੌਤੀਆਂ ਭਰਪੂਰ ਹੁੰਦਾ ਜਾਂਦਾ ਹੈ ਤਿਵੇਂ-ਤਿਵੇਂ ਮਨੁੱਖੀ ਮਾਨਸਿਕਤਾ ਦੇ ਕਈ ਨਵੇਂ ਪਾਸਾਰ ਉਜਾਗਰ ਹੋਣੇ ਸ਼ੁਰੂ ਹੋ ਜਾਂਦੇ ਹਨ। ਇਹ ਨਵੇਂ ਵਰਤਾਰੇ ਮਨੁੱਖ ਕੋਲੋਂ ਸਿਰਫ਼ ਉਸਦੇ ਜਿਊਣ ਦੇ ਸਾਧਨ ਹੀ ਨਹੀਂ ਖੋਂਹਦੇ ਸਗੋਂ ਉਸਦੀ ਮਾਨਵੀਂ ਹੋਂਦ ਵੀ ਟੁੱਟ ਤਿੜਕ ਜਾਂਦੀ ਹੈ ਤੇ ਸ੍ਵੈ ਨੂੰ ਬਚਾਉਣ ਦੀ ਲੜਾਈ ਵਿਚ ਮਨੁੱਖ ਹਰ ਸਥਾਪਿਤ ਮਰਯਾਦਾ ਨੂੰ ਤੋੜਨਾ-ਭੰਨਣਾ ਸ਼ੁਰੂ ਕਰ ਦੇਂਦਾ ਹੈ। ਅਸਤਿਤ੍ਵ ਨੂੰ ਬਚਾਉਣ

ਦੀ ਇਸ ਲੜਾਈ ਵਿਚੋਂ ਹੀ ਮਨੁੱਖੀ ਆਪਾ ਆਪਣੀਆਂ ਤਮਾਮ ਕਮਜ਼ੋਰੀਆਂ ਤੇ ਕਮੀਨਗੀਆਂ ਸਮੇਤ ਉਜਾਗਰ ਹੋਣਾ ਸ਼ੁਰੂ ਹੋ ਜਾਂਦਾ ਹੈ। ਮਨੁੱਖੀ ਮਾਨਸਿਕਤ ਦੇ ਇਨ੍ਹਾਂ ਪਾਸਾਰਾਂ ਦੇ ਪ੍ਰਗਟਾਵੇ ਲਈ ਪੰਜਾਬੀ ਕਹਾਣੀ ਸਿਰਫ਼ ਵਿਸ਼ੇ ਪੱਖੋਂ ਹੀ ਨਹੀਂ, ਸਗੋਂ ਕਲਾਤਮਿਕ ਪੱਖੋਂ ਵੀ ਪੇਸ਼ਕਾਰੀ ਦੇ ਸਮਰੱਥ ਹੁੰਦੀ ਨਜ਼ਰ ਆਉਂਦੀ ਹੈ। ਜਿੱਥੇ ਸੰਤ ਸਿੰਘ ਸੇਖੋਂ ਤੇ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਇਕਹਿਰੇ ਤੇ ਸਰਲ ਪਲਾਟ ਵਾਲੀਆਂ ਸਨ, ਉੱਥੇ ਵਰਿਆਮ ਸਿੰਘ ਸੰਧੂ ਦੀ ਕਹਾਣੀ ਇਨ੍ਹਾਂ ਵਰਤਾਰਿਆਂ ਦੀ ਪੇਸ਼ਕਾਰੀ ਲਈ ਬਹੁ-ਪਰਤੀ ਤੇ ਵਧੇਰੇ ਗੁੰਝਲਦਾਰ ਹੁੰਦੀ ਨਜ਼ਰ ਆਉਂਦੀ ਹੈ। ਇਹ ਕਹਾਣੀ ਇਕਹਿਰੇ ਬਿਰਤਾਂਤ ਦੀ ਥਾਂ ਉੱਪ-ਬਿਰਤਾਂਤਾਂ ਦੇ ਸਮੂਹ ਵਿਚੋਂ ਆਪਣੀ ਹੋਂਦ ਘੜਦੀ ਹੈ ਤੇ ਇਹ ਉੱਪ-ਬਿਰਤਾਂਤ ਕੇਂਦਰੀ ਬਿਰਤਾਂਤ ਦਾ ਹਿੱਸਾ ਬਣਕੇ ਵਰਤਮਾਨ ਵਰਤਾਰਿਆਂ ਦਾ ਵਰਣਨ ਸਮੁੱਚਤਾ ਵਿਚ ਕਰਨ ਦੇ ਯੋਗ ਬਣਦੇ ਹਨ। ਇਸ ਨਾਲ ਕਹਾਣੀ ਦੀ ਵਿਧਾ ਦੇ ਸਥਾਪਿਤ ਬੰਧੇਜ ਮੋਕਲੇ ਹੁੰਦੇ ਜਾਂਦੇ ਹਨ ਤੇ ਪੰਜਾਬੀ ਕਹਾਣੀ ਇਨ੍ਹਾਂ ਨਵੇਂ ਵਰਤਾਰਿਆਂ ਨੂੰ ਉਨ੍ਹਾਂ ਦੀ ਸਮੁੱਚਤਾ ਵਿਚ ਪੇਸ਼ ਕਰਨ ਦੇ ਸਮਰੱਥ ਹੁੰਦੀ ਨਜ਼ਰ ਆਉਂਦੀ ਹੈ।

ਉਪਰੋਕਤ ਕਹਾਣੀਕਾਰਾਂ ਤੋਂ ਇਲਾਵਾ ਕਿਸਾਨੀ ਸਮਾਜ ਦੀ ਪੇਸ਼ਕਾਰੀ ਨਾਲ ਸੰਬੰਧਿਤ ਜਦੋਂ ਅਸੀਂ ਮੁੱਢਲੇ ਦੌਰ ਦੀ ਪੰਜਾਬੀ ਕਹਾਣੀ ਦਾ ਅਧਿਐਨ ਕਰਦੇ ਹਾਂ ਕਿ ਇਸ ਕਹਾਣੀ ਨੂੰ ਕਿਸਾਨੀ ਸਮਾਜ ਦੀ ਪੇਸ਼ਕਾਰੀ ਦੀ ਦ੍ਰਿਸ਼ਟੀ ਤੋਂ ਪ੍ਰਮਾਣਿਕ ਨਹੀਂ ਕਿਹਾ ਜਾ ਸਕਦਾ। ਇਸ ਦਾ ਕਾਰਣ ਸ਼ਾਇਦ ਮੁੱਢਲੇ ਦੌਰ ਦੇ ਕਹਾਣੀਕਾਰਾਂ ਦਾ ਇਸ ਸਮਾਜ ਨਾਲ ਸੰਬੰਧਿਤ ਨਾ ਹੋਣਾ ਹੈ। ਉਸ ਦੌਰ ਵਿਚ ਵਿਦਿਆ ਦਾ ਪਾਸਾਰ ਸ਼ਹਿਰਾਂ ਤੇ ਕਸਬਿਆਂ ਤੱਕ ਸੀਮਤ ਹੋਣ ਕਰਕੇ ਵਧੇਰੇ ਲੇਖਕ ਸ਼ਹਿਰੀ ਮੱਧ-ਸ਼੍ਰੇਣੀ ਨਾਲ ਸੰਬੰਧਿਤ ਸਨ, ਜਿਨ੍ਹਾਂ ਕੋਲ ਕਿਸਾਨੀ ਸਮਾਜ ਦਾ ਸਿੱਧਾ ਅਨੁਭਵ ਨਹੀਂ ਸੀ। ਦੂਸਰੇ, ਇਸ ਦੌਰ ਵਿਚ ਸਮਾਜਕ ਤੇ ਰਾਜਨੀਤਿਕ ਖੇਤਰ ਵਿਚ ਵੀ ਮੱਧ-ਸ਼੍ਰੇਣੀ ਹੀ ਭਾਰੂ ਸੀ, ਕਿਉਂਕਿ ਪੜ੍ਹੀ ਲਿਖੀ ਹੋਣ ਕਰਕੇ ਇਹ ਆਜ਼ਾਦੀ ਦੀ ਲੜਾਈ ਵਿਚ ਵੀ ਮੋਹਰੀ ਭੂਮਿਕਾ ਨਿਭਾ

ਰਹੀ ਸੀ। ਇਸ ਕਰਕੇ ਸਾਹਿਤ ਵਿਚ ਵੀ ਇਸੇ ਹੀ ਸ਼੍ਰੇਣੀ ਦਾ ਦ੍ਰਿਸ਼ਟੀਕੋਣ ਭਾਰੂ ਸੀ। ਪੰਜਾਬੀ ਵਿਚ ਕੁਝ ਹੋਰ ਲੇਖਕ ਵੀ ਅਧਿਐਨ ਲਈ ਚੁਣੇ ਗਏ ਕਹਾਣੀਕਾਰਾਂ ਦੇ ਸਮਾਨਾਂਤਰ ਹੀ ਕਿਸਾਨੀ ਸਮਾਜ ਦੀ ਪੇਸ਼ਕਾਰੀ ਆਪਣੀਆਂ ਕਹਾਣੀਆਂ ਵਿਚ ਕਰ ਰਹੇ ਸਨ। ਇਨ੍ਹਾਂ ਲੇਖਕਾਂ ਨੂੰ ਅਧਿਐਨ ਲਈ ਨਾ ਚੁਣੇ ਜਾਣ ਦਾ ਕਾਰਣ ਉਨ੍ਹਾਂ ਦੀ ਕਲਾਤਮਿਕ ਅਸਮਰਥਾ ਨਹੀਂ ; ਸਗੋਂ ਇਹ ਕਹਾਣੀਕਾਰ ਵੀ ਆਪਣੀਆਂ ਰਚਨਾਵਾਂ ਵਿਚ ਅਧਿਐਨ ਲਈ ਚੁਣੇ ਗਏ ਲੇਖਕਾਂ ਦੇ ਵਿਚਾਰਾਂ ਦੀ ਹੀ ਪੁਸ਼ਟੀ ਕਰ ਰਹੇ ਸਨ ਤੇ ਆਪਣੇ ਖੋਜ-ਪ੍ਰਬੰਧ ਦੇ ਵਿਸ਼ੇ ਦੀ ਸੀਮਾ ਕਾਰਣ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਅਧਿਐਨ ਸੰਭਵ ਨਹੀਂ ਸੀ। ਤੀਸਰੇ, ਸਮਕਾਲੀ ਦੌਰ ਵਿਚ ਵੀ ਕਿਸਾਨੀ ਸਮਾਜ ਬਾਰੇ ਕਹਾਣੀ ਰਚਨਾ ਕਰਨ ਵਾਲੇ ਲੇਖਕਾਂ ਦਾ ਇਕ ਵੱਡਾ ਵਰਗ ਮੌਜੂਦ ਹੈ, ਜੋ ਕਿਸਾਨੀ ਸਮਾਜ ਨੂੰ ਸਮਕਾਲ ਵਿਚ ਪੇਸ਼ ਮਸਲਿਆਂ ਨੂੰ ਪੂਰੀ ਸਮਰਥਾ ਨਾਲ ਗਲਪ-ਬਿੰਬ ਵਿਚ ਢਾਲ ਕੇ ਪੇਸ਼ ਕਰ ਰਿਹਾ ਹੈ, ਪਰ ਆਪਣੇ ਖੋਜ-ਪ੍ਰਬੰਧ ਦੀਆਂ ਸੀਮਾਵਾਂ ਤੇ ਲਿਖੀ ਜਾ ਰਹੀ ਕਹਾਣੀ ਦੀ ਮਿਕਦਾਰ ਨੂੰ ਧਿਆਨ ਵਿਚ ਰੱਖ ਕੇ ਅਸੀਂ ਇਨ੍ਹਾਂ ਕਹਾਣੀਕਾਰਾਂ ਦੀਆਂ ਕਿਸਾਨੀ ਸਮਾਜ ਦੀ ਪੇਸ਼ਕਾਰੀ ਨਾਲ ਸੰਬੰਧਿਤ ਪ੍ਰਤਿਨਿਧ ਰਚਨਾਵਾਂ ਨੂੰ ਹੀ ਅਧਿਐਨ ਲਈ ਚੁਣਿਆ ਹੈ ਤਾਂ ਕਿ ਪੰਜਾਬੀ ਕਹਾਣੀ ਦੇ ਆਧਾਰ 'ਤੇ ਆਰੰਭ ਤੋਂ ਲੈ ਕੇ ਹੁਣ ਤੱਕ ਦੇ ਕਿਸਾਨੀ ਸਮਾਜ ਦੀ ਪੰਜਾਬੀ ਕਹਾਣੀ ਵਿਚੋਂ ਉਘੜਦੀ ਇਕ ਮੁਕੰਮਲ ਤਸਵੀਰ ਪੇਸ਼ ਹੋ ਸਕੇ।

ਅਸੀਂ ਸਮੁੱਚੇ ਖੋਜ-ਪ੍ਰਬੰਧ ਨੂੰ ਅੱਠ ਅਧਿਆਇ ਵਿਚ ਵੰਡਿਆ ਹੈ। ਪਹਿਲਾ ਅਧਿਆਇ ਕਿਸਾਨੀ ਦੀ ਪਰਿਭਾਸ਼ਾ ਤੇ ਇਸਦੇ ਸਮਾਜਕ-ਇਤਹਾਸਕ ਤੇ ਰਾਜਨੀਤਿਕ ਪਰਿਪੇਖ ਦੀ ਪੇਸ਼ਕਾਰੀ ਨਾਲ ਸੰਬੰਧਿਤ ਹੈ। ਵੈਸੇ ਤਾਂ ਖੇਤੀ ਸਭ ਤੋਂ ਪੁਰਾਤਨ ਕਿੱਤਿਆਂ ਵਿਚੋਂ ਹੈ ਤੇ ਇਸਦਾ ਸੰਬੰਧ ਸਭਿਅਤਾ ਦੇ ਵਿਕਾਸ ਨਾਲ ਹੈ। ਜਦੋਂ ਮਨੁੱਖ ਨੇ ਟੱਪਰੀਵਾਸਾਂ ਵਾਲੇ ਜੀਵਨ ਦਾ ਤਿਆਗ ਕਰਕੇ ਇਕ ਥਾਂ ਟਿਕ ਕੇ ਰਹਿਣਾ ਸ਼ੁਰੂ ਕੀਤਾ ਤਾਂ ਇਸ ਨਾਲ ਮਨੁੱਖੀ ਜੀਵਨ ਵਿਚ ਇਕ ਸਥਿਰਤਾ ਤੇ

ਨਿਸ਼ਚਿਤਤਾ ਆਉਣੀ ਸ਼ੁਰੂ ਹੋਈ ਜੋ ਸਭਿਅਤਾ ਦੇ ਵਿਕਾਸ ਲਈ ਪਹਿਲੀ ਤੇ ਲਾਜ਼ਮੀ ਸ਼ਰਤ ਸੀ। ਇਸ ਲਈ ਸੰਖੇਪ ਵਿਚ ਕਿਸਾਨੀ ਦੇ ਇਤਹਾਸਕ ਵਿਕਾਸ ਬਾਰੇ ਜਾਣੂੰ ਕਰਵਾ ਕੇ ਸਾਮਰਾਜ ਦੀ ਆਮਦ ਤੇ ਇਸ ਤੋਂ ਬਾਅਦ ਦੇ ਕਿਸਾਨੀ ਸਮਾਜ ਉੱਪਰ ਵਧੇਰੇ ਕੇਂਦ੍ਰਿਤ ਕੀਤਾ ਹੈ, ਕਿਉਂਕਿ ਆਧੁਨਿਕ ਸਾਹਿਤ ਰੂਪਾਂ ਦੀ ਆਮਦ ਵੀ ਇਸੇ ਸਮੇਂ ਦੌਰਾਨ ਪੰਜਾਬੀ ਵਿਚ ਹੋਈ। ਸਾਮਰਾਜ ਦੇ ਪ੍ਰਭਾਵਾਂ ਅਧੀਨ ਇਕੋ ਤੋਰ ਤੁਰੇ ਆ ਰਹੇ ਕਿਸਾਨੀ ਜੀਵਨ ਤੇ ਸਮਾਜ ਵਿਚ ਤੇਜ਼ੀ ਨਾਲ ਤਬਦੀਲੀ ਆਉਣੀ ਸ਼ੁਰੂ ਹੁੰਦੀ ਹੈ। ਹਰੇ ਇਨਕਲਾਬ ਤੇ ਵਿਸ਼ਵੀਕਰਣ ਦੇ ਵਰਤਾਰਿਆਂ ਨੇ ਤਬਦੀਲੀ ਦੀ ਇਸ ਤੋਰ ਨੂੰ ਹੋਰ ਤਿੱਖਿਆਂ ਕੀਤਾ ਤੇ ਇਕ ਵਿਸ਼ੇਸ਼ ਮੁਹਾਂਦਰਾ ਵੀ ਪ੍ਰਦਾਨ ਕੀਤਾ। ਸਮਾਜ ਵਿਚਲੀਆਂ ਇਨ੍ਹਾਂ ਤਬਦੀਲੀਆਂ ਦੇ ਸਮਾਨਾਂਤਰ ਹੀ ਸਾਹਿਤ ਵਿਚ ਵੀ ਤਬਦੀਲੀਆਂ ਵਾਪਰਦੀਆਂ ਹਨ ਤਾਂ ਕਿ ਬਦਲ ਰਹੇ ਵਰਤਾਰਿਆਂ ਨੂੰ ਸਮਝਿਆ ਤੇ ਪੇਸ਼ ਕੀਤਾ ਜਾ ਸਕੇ।

ਦੂਸਰੇ ਅਧਿਆਇ ਵਿਚ ਅਧਿਐਨ ਲਈ ਚੁਣੇ ਗਏ ਕਹਾਣੀਕਾਰਾਂ ਬਾਰੇ ਪ੍ਰਾਪਤ ਖੋਜ-ਕਾਰਜ ਦਾ ਅਧਿਐਨ ਤੇ ਮੁਲਾਂਕਣ ਕੀਤਾ ਗਿਆ ਹੈ। ਪ੍ਰਾਪਤ ਅਧਿਐਨ ਵਿਚ ਇਨ੍ਹਾਂ ਕਹਾਣੀਕਾਰਾਂ ਦੀਆਂ ਰਚਨਾਵਾਂ ਨੂੰ ਵਿਅਕਤੀਗਤ ਰੂਪ ਵਿਚ ਤਾਂ ਅਧਿਐਨ ਦੀ ਵਸਤੂ ਬਣਾਇਆ ਗਿਆ ਹੈ ਪਰ ਤਿੰਨ ਪੀੜ੍ਹੀਆਂ ਦੇ ਇਨ੍ਹਾਂ ਪ੍ਰਤਿਨਿੱਧ ਕਹਾਣੀਕਾਰਾਂ ਦੀਆਂ ਰਚਨਾਵਾਂ ਦਾ ਕਿਸਾਨੀ ਸਮਾਜ ਦੀ ਪੇਸ਼ਕਾਰੀ ਦੇ ਨਜ਼ਰੀਏ ਤੋਂ ਸਿਲਸਿਲੇਵਾਰ ਅਧਿਐਨ ਪੰਜਾਬੀ ਵਿਚ ਉਪਲਬਧ ਨਹੀਂ ਹੈ। ਇਸ ਲਈ ਅਸੀਂ ਪ੍ਰਾਪਤ ਅਧਿਐਨ ਤੋਂ ਅੰਤਰ-ਦ੍ਰਿਸ਼ਟੀਆਂ ਲੈ ਕੇ ਸਿਲਸਿਲੇਵਾਰ ਅਧਿਐਨ ਕਰਨ ਦਾ ਯਤਨ ਕੀਤਾ ਹੈ। ਤੀਸਰੇ ਅਧਿਆਇ ਵਿਚ ਮੁੱਢਲੀ ਪੰਜਾਬੀ ਕਹਾਣੀ ਵਿਚ ਪੇਸ਼ ਕਿਸਾਨੀ ਸਮਾਜ ਬਾਰੇ ਚਰਚਾ ਕਰਦਿਆਂ ਇਹ ਜਾਣਨ ਦਾ ਯਤਨ ਕੀਤਾ ਗਿਆ ਹੈ ਕਿ ਇਸ ਸਮੇਂ ਦੌਰਾਨ ਲਿਖੀ ਗਈ ਕਹਾਣੀ ਵਿਚ ਕਿਸਾਨੀ ਸਮਾਜ ਦੀ ਪ੍ਰਮਾਣਿਕ ਪੇਸ਼ਕਾਰੀ ਕਿਉਂ ਨਹੀਂ ਹੋ ਸਕੀ। ਅਗਲੇ ਤਿੰਨ ਅਧਿਆਇ ਉਨ੍ਹਾਂ ਕਹਾਣੀਕਾਰਾਂ ਦੀਆਂ ਰਚਨਾਵਾਂ ਦੇ ਗਹਿਨ ਅਧਿਐਨ ਨਾਲ ਸੰਬੰਧਿਤ ਹਨ ਜਿਨ੍ਹਾਂ ਨੂੰ ਅਸੀਂ

ਆਪਣੇ ਅਧਿਐਨ ਲਈ ਵਿਸ਼ੇਸ਼ ਤੌਰ ’ਤੇ ਚੁਣਿਆ ਹੈ। ਇਨ੍ਹਾਂ ਕਹਾਣੀਕਾਰਾਂ ਦੀਆਂ ਰਚਨਾਵਾਂ ਦੇ ਸਿਲਸਿਲੇਵਾਰ ਅਧਿਐਨ ਤੋਂ ਅਸੀਂ ਵੇਖਦੇ ਹਾਂ ਕਿ ਇਹ ਕਹਾਣੀਕਾਰ ਆਪਣੀਆਂ ਰਚਨਾਵਾਂ ਵਿਚ ਵੀਹਵੀਂ ਸਦੀ ਦੀ ਕਿਸਾਨੀ ਦੇ ਆਰਥਕ-ਸਮਾਜਕ ਜੀਵਨ ਨੂੰ ਉਸਦੀ ਸੰਪੂਰਣਤਾ ਵਿਚ ਪੇਸ਼ ਕਰਦੇ ਹਨ। ਸੰਤ ਸਿੰਘ ਸੇਖੋਂ ਇਕ ਪਾਸੇ ਸਾਮਰਾਜ ਦੇ ਪ੍ਰਭਾਵਾਂ ਅਧੀਨ ਟੁੱਟ ਰਹੇ ਪਰੰਪਰਾਗਤ ਸਮਾਜ ਨੂੰ ਚਿਤਰਦਾ ਹੈ ਉੱਥੇ ਸਾਮਰਾਜ ਦੇ ਪ੍ਰਭਾਵਾਂ ਅਧੀਨ ਪੈਦਾ ਹੋ ਰਹੇ ਤਰੱਕੀ ਦੇ ਵਿਅਕਤੀਗਤ ਮੌਕਿਆਂ ਤੇ ਉਸਰ ਰਹੇ ਨਵੇਂ ਕਿਸਾਨੀ ਸਮਾਜ ਦੀ ਪੇਸ਼ਕਾਰੀ ਵੀ ਉਸੇ ਸ਼ਿੱਦਤ ਨਾਲ ਕਰਦਾ ਹੈ। ਦੂਸਰੇ, ਸੇਖੋਂ ਪੰਜਾਬੀ ਕਹਾਣੀ ਦਾ ਇਕ ਪ੍ਰਮਾਣਿਕ ਮਾਡਲ ਸਿਰਜਣ ਵਿਚ ਵੀ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦੇ ਅਧਿਐਨ ਨਾਲ ਸੰਬੰਧਿਤ ਪੰਜਵੇਂ ਅਧਿਆਇ ਵਿਚ ਅਸੀਂ ਵੇਖਦੇ ਹਾਂ ਕਿ ਵਿਰਕ ਸੰਤ ਸਿੰਘ ਸੇਖੋਂ ਵਾਂਗ ਕਿਸਾਨੀ ਸਮਾਜ ਦੀ ਆਰਥਕ-ਸਮਾਜਕ ਟੁੱਟ-ਭੱਜ ਨੂੰ ਨਹੀਂ, ਸਗੋਂ ਇਸਦੇ ਪ੍ਰਭਾਵਾਂ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦਾ ਹੈ। ਦਿਸਦੇ ਵਰਤਾਰਿਆਂ ਨੂੰ ਚਿਤਰਣ ਦੇ ਮੁਕਾਬਲੇ ਉਨ੍ਹਾਂ ਦੇ ਪ੍ਰਭਾਵਾਂ ਨੂੰ ਪਕੜਨਾ ਤੇ ਕਲਾਤਮਿਕ ਲਿਬਾਸ ਵਿਚ ਪੇਸ਼ ਕਰਨਾ ਮੁਸ਼ਕਿਲ ਤੇ ਵਧੇਰੇ ਕਲਾਤਮਿਕ ਸੰਜਮ ਦੀ ਮੰਗ ਕਰਦਾ ਹੈ। ਵਿਰਕ ਦੀ ਇਸ ਸਫਲਤਾ ਦਾ ਇਕ ਪੱਖ ਜਿੱਥੇ ਉਸਦੀ ਕਲਾਤਮਿਕ ਸਮਰਥਾ ਨੂੰ ਉਜਾਗਰ ਕਰਦਾ ਹੈ ਉੱਥੇ ਨਿਸ਼ਚੇ ਹੀ ਪੰਜਾਬੀ ਕਹਾਣੀ ਦੇ ਨਿਰੰਤਰ ਪ੍ਰੌਢ ਹੋਣ ਦਾ ਸਬੂਤ ਵੀ ਹੈ, ਕਿਉਂਕਿ ਹਰ ਪ੍ਰਤਿਭਾ ਆਪਣੇ ਵੇਲਿਆਂ ਦੇ ਸਿਰਜਣਾਤਮਿਕ ਵਾਤਾਵਰਣ ਤੇ ਪਰੰਪਰਾ ਦਾ ਹੀ ਜੋੜ ਮੇਲ ਹੁੰਦੀ ਹੈ। ਕੁਲਵੰਤ ਸਿੰਘ ਵਿਰਕ ਦੀ ਦੂਸਰੀ ਖ਼ਾਸੀਅਤ ਕਿਸਾਨੀ ਦੀ ਮਾਨਸਿਕ ਬਣਤਰ ਦੇ ਉਨ੍ਹਾਂ ਪੱਖਾਂ ਨੂੰ ਉਭਾਰਣ ਵਿਚ ਹੈ ਜੋ ਕਿਸਾਨੀ ਨੇ ਸਦੀਆਂ ਦੇ ਇਤਿਹਾਸਕ ਵਿਕਾਸ ਦੌਰਾਨ ਗ੍ਰਹਿਣ ਕੀਤੇ ਹਨ।

ਛੇਵਾਂ ਅਧਿਆਇ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦੇ ਅਧਿਐਨ ਨਾਲ ਸੰਬੰਧਿਤ ਹੈ।

ਵਰਿਆਮ ਸਿੰਘ ਸੰਧੂ ਜਿਸ ਵੇਲੇ ਪੰਜਾਬੀ ਕਹਾਣੀ ਵਿਚ ਪ੍ਰਵੇਸ਼ ਕਰਦਾ ਹੈ ਉਹ ਸਮਾਂ ਆਰਥਕ-ਸਮਾਜਕ ਤੇ ਰਾਜਨੀਤਿਕ ਸਰਗਰਮੀਆਂ ਵਾਲਾ ਹੈ। ਵਰਿਆਮ ਇਨ੍ਹਾਂ ਸਮੁੱਚੇ ਵਰਤਾਰਿਆਂ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦਾ ਹੈ। ਇਕ ਪਾਸੇ ਹਰੇ ਇਨਕਲਾਬ ਦੇ ਪ੍ਰਭਾਵ ਅਧੀਨ ਸਾਂਝਾ ਕਿਸਾਨੀ ਭਾਈਚਾਰਾ ਵੱਖ-ਵੱਖ ਵਰਗਾਂ ਵਿਚ ਵੰਡਿਆ ਜਾ ਰਿਹਾ ਸੀ। ਦੂਸਰੇ, ਕਿਸਾਨੀ ਵਧੇਰੇ ਚੇਤੰਨ ਹੋ ਰਹੀ ਸੀ। ਨਿਰੰਤਰ ਵਧ ਰਹੀਆਂ ਆਰਥਕ ਖਿੱਚਾਂ ਅਧੀਨ ਮਾਨਵੀ ਰਿਸ਼ਤੇ ਨਿਰੋਲ ਆਰਥਕ ਸੰਬੰਧਾਂ ’ਤੇ ਆਧਾਰਿਤ ਹੋ ਰਹੇ ਸਨ ਤੇ ਆਪਸੀ ਸੰਬੰਧਾਂ ਵਿਚੋਂ ਮਾਨਵੀ ਪਾਸਾਰ ਨਿਰੰਤਰ ਮਨਫ਼ੀ ਹੁੰਦੇ ਜਾ ਰਹੇ ਸਨ। ਵਿਅਕਤੀ ਨੂੰ ਸ੍ਵੈ ਨੂੰ ਬਚਾਉਣ ਦੀ ਲੜਾਈ ਇਕੱਲਿਆਂ ਲੜਨੀ ਪੈ ਰਹੀ ਸੀ। ਨਿਰੰਤਰ ਵਧਦੇ ਆਰਥਕ ਸੰਕਟਾਂ ਕਾਰਣ ਕਿਸਾਨੀ ਆਪਣੀ ਹੋਂਦ ਨੂੰ ਬਚਾਉਣ ਲਈ ਰਾਜਨੀਤਿਕ ਲੜਾਈ ਲੜਨੀ ਵੀ ਸਿੱਖ ਰਹੀ ਸੀ। ਇਹ ਸਾਰੇ ਵਰਤਾਰੇ ਲੇਖਕ ਦੀਆਂ ਕਹਾਣੀਆਂ ਵਿਚ ਆਪਣੇ ਪੂਰੇ ਕਲਾਤਮਿਕ ਜਲੌਅ ਤੇ ਸਮਰਥਾ ਸਹਿਤ ਪੇਸ਼ ਹੁੰਦੇ ਹਨ। ਸੇਖੋਂ ਤੋਂ ਲੈ ਕੇ ਵਰਿਆਮ ਤੱਕ ਪਹੁੰਚਦਿਆਂ ਪੰਜਾਬੀ ਕਹਾਣੀ ਵਿਸ਼ੇ ਤੇ ਕਲਾਤਮਕ ਦੋਹਾਂ ਪੱਖਾਂ ਤੋਂ ਹੀ ਵਿਭਿੰਨ ਤਬਦੀਲੀਆਂ ਵਿਚੋਂ ਗੁਜ਼ਰਦੀ ਹੈ ਤੇ ਇਹ ਲੇਖਕ ਇਨ੍ਹਾਂ ਤਬਦੀਲੀਆਂ ਨੂੰ ਆਪਣੀ ਸੋਚ ਦਾ ਹਿੱਸਾ ਬਣਾ ਕੇ ਪੇਸ਼ ਕਰਦੇ ਹੋਏ ਆਪਣੀ ਕਲਾਤਮਿਕ ਤੇ ਬੌਧਿਕ ਸਮਰਥਾ ਦੇ ਜਾਮਨ ਵੀ ਬਣਦੇ ਹਨ।

ਸੱਤਵੇਂ ਅਧਿਆਇ ਵਿਚ ਹਰੇ ਇਨਕਲਾਬ ਦੇ ਨਿਵਾਣ ਵੱਲ ਜਾਣ ਤੋਂ ਬਾਅਦ ਦੀ ਕਿਸਾਨੀ ਨੂੰ ਚਿਤ੍ਰਣ ਵਾਲੇ ਸਮਕਾਲੀ ਕਹਾਣੀਕਾਰਾਂ ਦੀਆਂ ਪ੍ਰਤਿਨਿੱਧ ਕਹਾਣੀਆਂ ਦਾ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ। ਹਰੇ ਇਨਕਲਾਬ, ਖੇਤੀ ਦੇ ਮਸ਼ੀਨੀਕਰਣ ਤੇ ਪਰਵਾਸੀ ਮਜ਼ਦੂਰਾਂ ਦੀ ਆਮਦ ਨਾਲ ਕਿਸਾਨੀ ਦਾ ਸਮੁੱਚਾ ਸੁਭਾਅ ਤੇ ਖ਼ਾਸਾ ਹੀ ਬਦਲ ਜਾਂਦਾ ਹੈ। ਇਸ ਦੌਰ ਵਿਚ ਕਿਸਾਨੀ ਹੱਥੀ ਕਿਰਤ ਕਰਨ ਦੀ ਥਾਂ ਪ੍ਰਬੰਧਕ ਦੀ ਭੂਮਿਕਾ ਵਿਚ ਤਬਦੀਲ ਹੋ ਜਾਂਦੀ ਹੈ। ਮੱਧ

ਸ਼੍ਰੇਣਿਕ ਅਕਾਂਖਿਆਵਾਂ ਕਿਸਾਨੀ ਤੇ ਵਿਸ਼ੇਸ਼ ਕਰਕੇ ਛੋਟੀ ਕਿਸਾਨੀ ਦੇ ਸੰਕਟ ਵਿਚ ਵਾਧੇ ਦਾ ਕਾਰਣ ਬਣਦੀਆਂ ਹਨ। ਕਿਰਤ ਨਾਲੋਂ ਟੁੱਟੀ ਤੇ ਆਰਥਕ ਸੰਕਟ ਦੇ ਮੂੰਹ ਆਈ ਕਿਸਾਨੀ ਹਰ ਪੱਖੋਂ ਹਤਾਸ਼ ਹੋਈ ਨਜ਼ਰ ਆਉਂਦੀ ਹੈ। ਇਨ੍ਹਾਂ ਵਰਤਾਰਿਆਂ ਨੂੰ ਸਮਕਾਲੀ ਕਹਾਣੀਕਾਰ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰਨ ਦਾ ਯਤਨ ਕਰਦੇ ਨਜ਼ਰ ਆਉਂਦੇ ਹਨ। ਅੰਤਿਮ ਅਧਿਆਇ ਵਿਚ ਸਮੁੱਚੇ ਖੋਜ-ਪ੍ਰਬੰਧ ਵਿਚ ਪੇਸ਼ ਸਥਾਪਨਾਵਾਂ ਤੇ ਲੱਭਤਾਂ ਨੂੰ ਦਰਜ ਕੀਤਾ ਗਿਆ ਹੈ।

ਅਸੀਂ ਆਪਣੇ ਖੋਜ-ਪ੍ਰਬੰਧ ਵਿਚ ਕਿਸਾਨੀ ਸਮਾਜ ਦੀ ਪੇਸ਼ਕਾਰੀ ਨਾਲ ਸੰਬੰਧਿਤ ਪੰਜਾਬੀ ਕਹਾਣੀ ਦਾ ਅਧਿਐਨ ਕਰਨ ਦਾ ਯਤਨ ਕੀਤਾ ਹੈ। ਬੇਸ਼ੱਕ ਇਹ ਅਧਿਐਨ ਸਿੱਧੇ ਰੂਪ ਵਿਚ ਤਿੰਨ ਪ੍ਰਮੁੱਖ ਕਹਾਣੀਕਾਰਾਂ ਉੱਪਰ ਆਧਾਰਿਤ ਹੈ, ਪਰ ਇਹ ਅਧਿਐਨ ਸਿਰਫ਼ ਇੱਥੋਂ ਤਕ ਸੀਮਤ ਨਹੀਂ। ਸਗੋਂ ਉਨ੍ਹਾਂ ਨੂੰ ਆਧਾਰ ਬਣਾ ਕੇ ਕਿਸਾਨੀ ਸਮਾਜ ਦੀ ਪੇਸ਼ਕਾਰੀ ਨਾਲ ਸੰਬੰਧਿਤ ਸਮੁੱਚੀ ਕਹਾਣੀ ਵਿਚੋਂ ਉਭਰਦੇ ਕਿਸਾਨੀ ਸਮਾਜ ਦੇ ਵਰਤਾਰਿਆਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਅਸੀਂ, ਬੇਸ਼ੱਕ ਕੁਝ ਕਹਾਣੀਕਾਰਾਂ ਦਾ ਜ਼ਿਕਰ ਖੋਜ-ਪ੍ਰਬੰਧ ਵਿਚ ਨਹੀਂ ਕੀਤਾ, ਪਰ ਸਮੁੱਚੀ ਕਹਾਣੀ ਬਾਰੇ ਸਮਝ ਬਣਾਉਣ ਤੇ ਆਪਣੀਆਂ ਸਥਾਪਨਾਵਾਂ ਨੂੰ ਨਿਖਾਰਣ ਤੇ ਪ੍ਰਮਾਣਿਕ ਬਣਾਉਣ ਲਈ ਅਧਿਐਨ ਤੋਂ ਬਾਹਰੇ ਲੇਖਕਾਂ ਦੀਆਂ ਕਹਾਣੀਆਂ ਦੀ ਮਦਦ ਵੀ ਲਈ ਗਈ ਹੈ, ਉਨ੍ਹਾਂ ਨੂੰ ਅਧਿਐਨ ਦੇ ਦਾਇਰੇ ਵਿਚ ਸ਼ਾਮਲ ਨਾ ਕਰ ਸਕਣਾ ਸਾਡੇ ਖੋਜ-ਪ੍ਰਬੰਧ ਦੀ ਸੀਮਾ ਹੈ, ਲੇਖਕਾਂ ਦੀ ਕਲਾਤਮਿਕ ਸਮਰਥਾ ਦੀ ਨਹੀਂ।

ਅਸੀਂ ਆਪਣੇ ਖੋਜ-ਪ੍ਰਬੰਧ ਵਿਚ ਕਿਸਾਨੀ ਸਮਾਜ ਦੀ ਪੇਸ਼ਕਾਰੀ ਨਾਲ ਸੰਬੰਧਿਤ ਪੰਜਾਬੀ ਕਹਾਣੀ ਦਾ ਅਧਿਐਨ ਕਰਨ ਦਾ ਯਤਨ ਕੀਤਾ ਹੈ। ਅਸੀਂ ਇਹ ਜਾਣਦੇ ਹਾਂ ਕਿ ਸਾਹਿਤਕ ਰਚਨਾਵਾਂ ਆਪਣੇ ਸਮੇਂ ਦੇ ਸਮਾਜ ਵਿਚ ਪ੍ਰਚਲਿਤ ਵਰਤਾਰਿਆਂ ਦੀ ਕਲਾਤਮਿਕ ਪੇਸ਼ਕਾਰੀ ਨਾਲ ਸੰਬੰਧਿਤ ਹੁੰਦੀਆਂ ਹਨ। ਇਸ ਲਈ ਸਾਹਿਤਕ ਰਚਨਾਵਾਂ ਦਾ ਅਧਿਐਨ ਇਨ੍ਹਾਂ ਸਮਾਜਕ ਵਰਤਾਰਿਆਂ

ਨੂੰ ਸਮਝੇ ਬਿਨਾਂ ਕਰ ਸਕਣਾ ਸੰਭਵ ਨਹੀਂ। ਅਸੀਂ ਆਪਣੇ ਖੋਜ-ਪ੍ਰਬੰਧ ਵਿਚ ਸਮਾਜ-ਸਭਿਆਚਾਰਕ ਅਧਿਐਨ ਵਿਧੀ ਰਾਹੀਂ ਰਚਨਾਵਾਂ ਦਾ ਅਧਿਐਨ ਕਰਨ ਦਾ ਯਤਨ ਕੀਤਾ ਹੈ ਤੇ ਇਸ ਅਧਿਐਨ ਦਾ ਦੂਸਰਾ ਪੱਖ ਅੰਤਰ-ਅਨੁਸ਼ਾਸਨੀ ਪਹੁੰਚ ਨਾਲ ਸੰਬੰਧਿਤ ਹੈ, ਕਿਉਂਕਿ ਸਮਾਜ ਵਿਚ ਪ੍ਰਚਲਿਤ ਆਰਥਕ-ਸਮਾਜਕ ਤੇ ਰਾਜਨੀਤਿਕ ਵਰਤਾਰਿਆਂ ਨੂੰ ਸਮਝੇ ਬਿਨਾਂ ਸਾਹਿਤਕ ਰਚਨਾਵਾਂ ਵੀ ਸਮਝ ਤੋਂ ਪਰ੍ਹੇ ਦੀ ਵਸਤੂ ਬਣ ਜਾਂਦੀਆਂ ਹਨ। ਇਸ ਦੋਹਰੀ ਪਹੁੰਚ ਵਿਧੀ ਰਾਹੀਂ ਸੰਤੁਲਿਤ ਤੇ ਸਾਰਥਕ ਸਮਝ ਬਣਾ ਕੇ ਹੀ ਰਚਨਾਵਾਂ ਦਾ ਸੰਤੁਲਿਤ ਅਧਿਐਨ ਕਰ ਸਕਣਾ ਸੰਭਵ ਹੈ, ਜੋ ਅਸੀਂ ਕਰਨ ਦਾ ਯਤਨ ਕੀਤਾ ਹੈ।

ਪੰਜਾਬੀ ਵਿਚ ਪੁਸਤਕਾਂ ਦੇ ਮਿਤੀਬੱਧ ਜਾਂ ਪਹਿਲੀ ਵਾਰ ਛਪੇ ਸੰਸਕਰਣਾਂ ਦੀ ਪ੍ਰਾਪਤੀ ਵੀ ਇਕ ਵੱਡਾ ਮਸਲਾ ਹੈ। ਅਸੀਂ ਚਾਹੁੰਦੇ ਤਾਂ ਸੀ ਕਿ ਇਸ ਖੋਜ-ਪ੍ਰਬੰਧ ਵਿਚ ਜਿਸ ਵੀ ਕਹਾਣੀ-ਸੰਗ੍ਰਹਿ ਜਾਂ ਲੇਖਕ ਬਾਰੇ ਜੋ ਅਧਿਐਨ ਕੀਤਾ ਜਾਵੇ ਉਹ ਪਹਿਲੀ ਵਾਰ ਛਪੇ ਸੰਸਕਰਣ ’ਤੇ ਆਧਾਰਿਤ ਹੋਵੇ। ਪਰ ਇਹ ਸੰਭਵ ਨਹੀਂ ਹੋ ਸਕਿਆ। ਇਸ ਲਈ ਅਸੀਂ ਅਧਿਐਨ ਲਈ ਵੱਖ-ਵੱਖ ਪ੍ਰਾਪਤ ਸੰਸਕਰਣ ਹੀ ਚੁਣੇ ਹਨ। ਪਰ ਪੁਸਤਕ ਸੂਚੀ ਵਿਚ ਪੁਸਤਕਾਂ ਨੂੰ ਉਨ੍ਹਾਂ ਦੇ ਪਹਿਲੀ ਵਾਰ ਛਪਣ ਵਾਲੇ ਕਾਲ-ਕ੍ਰਮ ਦੇ ਆਧਾਰ ’ਤੇ ਦਰਜ ਕੀਤਾ ਗਿਆ ਹੈ, ਪ੍ਰਾਪਤ ਸੰਸਕਰਣਾਂ ਦੇ ਆਧਾਰ ’ਤੇ ਨਹੀਂ।

ਅੰਤ ਵਿਚ ਕੁਝ ਵਿਸ਼ੇਸ਼ ਵਿਅਕਤੀਆਂ ਦਾ ਧੰਨਵਾਦ ਕਰਨਾ ਮੈਂ ਸਭ ਤੋਂ ਖ਼ੁਸ਼ਗਵਾਰ ਫ਼ਰਜ਼ ਸਮਝਦੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਰਾਹ ’ਤੇ ਤੁਰਨ ਲਈ ਪ੍ਰੇਰਿਤ ਤੇ ਉਤਸ਼ਾਹਿਤ ਕੀਤਾ। ਇਸ ਸੂਚੀ ਵਿਚ ਸਭ ਤੋਂ ਪਹਿਲਾ ਨਾਂ ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਦਾ ਹੈ, ਜਿਨ੍ਹਾਂ ਦੀ ਪ੍ਰੇਰਣਾ ਤੇ ਥਾਪੜੇ ਤੋਂ ਬਿਨਾਂ ਸ਼ਾਇਦ ਇਹ ਕਾਰਜ ਸ਼ੁਰੂ ਵੀ ਨਾ ਹੋ ਸਕਦਾ। ਇਸ ਲਈ ਮੈਂ ਉਨ੍ਹਾਂ ਦੇ ਵੱਡੇ ਭਰਾਵਾਂ ਵਾਲੇ ਪਿਆਰ ਦੀ ਵਿਸ਼ੇਸ਼ ਧੰਨਵਾਦੀ ਹਾਂ। ਦੂਸਰੇ, ਮੈਂ ਧੰਨਵਾਦੀ ਹਾਂ ਵਿਦਵਾਨ ਆਲੋਚਕ ਡਾ. ਰਜਨੀਸ਼ ਬਹਾਦਰ ਸਿੰਘ ਦੀ ਜਿਨ੍ਹਾਂ ਨੇ ਪੁਸਤਕਾਂ ਦੀ ਮਦਦ ਤੋਂ ਇਲਾਵਾ ਪੰਜਾਬੀ ਕਹਾਣੀ

ਬਾਰੇ ਸਮਝ ਬਣਾਉਣ ਵਿਚ ਮੇਰੀ ਸੁਹਿਰਦ ਅਗਵਾਈ ਕੀਤੀ। ਪ੍ਰਿੰਸੀਪਲ ਮਹਿਲ ਸਿੰਘ ਮੇਰੇ ਧੰਨਵਾਦ ਦੇ ਵਿਸ਼ੇਸ਼ ਅਧਿਕਾਰੀ ਹਨ ਜਿਨ੍ਹਾਂ ਨੇ ਹਮੇਸ਼ਾ ਮੇਰਾ ਮਨੋਬਲ ਵਧਾਈ ਰੱਖਿਆ। ਡਾ. ਕੁਲਵੰਤ ਸਿੰਘ ਸੰਧੂ ਦਾ ਧੰਨਵਾਦ ਵੀ ਅਤਿ ਜ਼ਰੂਰੀ ਹੈ ਕਿਉਂਕਿ ਉਨ੍ਹਾਂ ਦੀ ਸਹਾਇਤਾ ਤੋਂ ਬਿਨਾਂ ਮੇਰੇ ਲਈ ਇਹ ਮੰਜ਼ਿਲ ਸਰ ਕਰ ਸਕਣੀ ਸੰਭਵ ਨਹੀਂ ਸੀ। ਅੰਤ ਵਿਚ ਮੈਂ ਆਪਣੀ ਨਿਗਰਾਨ ਡਾ. ਰਮਿੰਦਰ ਕੌਰ ਦੀ ਵਿਸ਼ੇਸ਼ ਤੌਰ ’ਤੇ ਧੰਨਵਾਦੀ ਹਾਂ ਜਿਨ੍ਹਾਂ ਦੀ ਪੁਰ-ਖ਼ਲੂਸ ਨਿਗਰਾਨੀ ਹੇਠ ਇਹ ਕਾਰਜ ਮੁਕੰਮਲ ਹੋ ਸਕਿਆ ਹੈ।

✤✤✤✤✤